ਆਈ.ਸੀ.ਏ.ਆਰਃ ਭਾਰਤੀ ਖੇਤੀਬਾੜੀ ਖੋਜ ਸੰਸਥਾ ਨਰਮੇ-ਕਪਾਹ ਦੀ ਫ਼ਸਲ ਲਈ (1 ਤੋਂ 7 ਜੁਲਾਈ, 2019) ਹਫ਼ਤੇ ਲਈ ਸਿਫ਼ਾਰਿਸ਼ਾਂ ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਆਈਆਂ ਸਿਫ਼ਾਰਿਸ਼ਾਂ ਅਨੁਸਾਰ ਹਨਃ

| | ਮੀਂਹ ਪਿਆ/ਪੈਣ ਦੀ ਸੰਭਾਵਨਾ | | | | | | | | ਸਲਾਹ |
|---|---|---|---|---|---|---|---|---|---|
| | ਜੂਨ/ਜੁਲਾਈ | | | | | | | | |
| ਮਿਤੀ | 24 | 25 | 26 | 27 | 28 | 29 | 30 | 01 | |
| **ਪੰਜਾਬ** | | | | | | | | | |
| ਬਠਿੰਡਾ | 0 | 0 | 0 | 0 | 0 | 0 | 0 | 0 | ਪੰਜਾਬ ਵਿੱਚ ਬਠਿੰਡਾ ਵਿਖੇ ਨਰਮੇ-ਕਪਾਹ ਦੀ ਫ਼ਸਲ 25-30 ਦਿਨਾਂ ਦੀ ਹੋ ਚੁੱਕੀ ਹੈ। ਗੋਡੀ ਅਤੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਰਹੀ ਹੈ। ਚਿੱਟੀ ਮੱਖੀ ਦੀ ਦਰ 0-1 ਪ੍ਰਤੀ ਤਿੰਨ ਪੱਤੇ, ਹਰਾ ਤੇਲਾ 0-1 ਪ੍ਰਤੀ ਤਿਨ ਪੱਤੇ ਅਤੇ ਭੂਰੀ ਜੂੰ 0-5 ਪ੍ਰਤੀ ਤਿੰਨ ਪੱਤੇ ਦੇਖੀ ਗਈ ਹੈ। |
| ਫਿਰੋਜ਼ਪੁਰ | 0 | 0 | 0 | 0 | 0 | 0 | 0 | 0 | |
| ਮੁਕਤਸਰ | 0 | 0 | 0 | 0 | 0 | 0 | 0 | 0 | |
| ਮਾਨਸਾ | 0 | 0 | 0 | 0 | 0 | 0 | 0 | 0 | |
| **ਹਰਿਆਣਾ** | | | | | | | | | ਹਰਿਆਣਾ (ਹਿਸਾਰ ਅਤੇ ਸਰਸਾ) ਵਿਖੇ ਫ਼ਸਲ 45-70 ਦਿਨਾਂ ਦੀ ਹੋ ਚੁੱਕੀ ਹੈ। ਫ਼ਸਲ ਤੇ ਫੁੱਲ ਆਉਣੇ ਸੁਰੂ ਹੋ ਚੁੱਕੇ ਹਨ। ਚਿੱਟੀ ਮੱਖੀ ਦੀ ਗਿਣਤੀ 2-6 ਪ੍ਰਤੀ ਤਿੰਨ ਪੱਤੇ ਦੇਖੀ ਗਈ ਹੈ। ਹਰੇ ਤੇਲੇ ਦੀ ਔਸਤਨ ਗਿਣਤੀ 0.1-0.60 ਪ੍ਰਤੀ ਤਿੰਨ ਪੱਤੇ ਅਤੇ ਭੂਰੀ ਜੂੰ 1.8-4.30 ਪ੍ਰਤੀ ਤਿੰਨ ਪੱਤੇ ਪਾਈ ਗਈ ਹੈ। ਹਿਸਾਰ ਵਿੱਚ ਕੀਤੇ ਗਏ ਸਰਵੇਖਣ ਦੌਰਾਨ ਰਸ ਚੂਸਣ ਵਾਲੇ ਕੀੜਿਆਂ ਦੀ ਗਿਣਤੀ ਆਰਥਿਕ ਕਗਾਰ ਤੋਂ ਥੱਲੇ ਪਾਈ ਗਈ ਅਤੇ ਭੂਰੀ ਜੂੰ ਦੀ ਗਿਣਤੀ ਵੀ ਘੱਟ ਪਾਈ ਗਈ। ਗੋਡੀ ਅਤੇ ਨਦੀਨਾਂ ਦੀ ਰੋਕਥਾਮ ਮੁਕੰਮਲ ਹੋ ਚੁੱਕੀ ਹੈ। ਹਿਸਾਰ ਦੇ ਕੁਝ ਥਾਵਾਂ ਤੇ ਜੜ੍ਹਾਂ ਦੇ ਗਾਲੇ ਦੀ ਸਮੱਸਿਆ ਵੀ ਦੇਖੀ ਗਈ। ਮੁੱਖ ਤੌਰ ਤੇ ਫ਼ਸਲ ਦੀ ਹਾਲਤ ਠੀਕ ਹੈ। |
| ਸਰਸਾ | 0 | 0 | 0 | 0 | 0 | 0 | 0 | 0 | |
| ਹਿਸਾਰ | 0 | 0 | 0 | 0 | 0 | 0 | 0 | 0 | |
| ਫਤਿਹਾਬਾਦ | 0 | 0 | 0 | 0 | 0 | 0 | 0 | 0 | |
| **ਰਾਜਸਥਾਨ** | | | | | | | | | |
| ਹਨੂੰਮਾਨਗੜ੍ਹ | 0 | 0 | 0 | 0 | 0 | 0 | 0 | 0 | |
| ਸ੍ਰੀ ਗੰਗਾਨਗਰ | 0 | 0 | 0 | 0 | 0 | 0 | 0 | 0 | ਸ੍ਰੀ ਗੰਗਾਨਗਰ ਵਿਖੇ ਫ਼ਸਲ 35-65 ਦਿਨਾਂ ਦੀ ਹੋ ਚੁੱਕੀ ਹੈ। ਲੋੜ ਮੁਤਾਬਿਕ ਗੋਡੀ ਤੇ ਸਿੰਚਾਈ ਕਰ ਦਿੱਤੀ ਗਈ ਹੈ। ਸਿਫ਼ਾਰਿਸ਼ ਕੀਤੀ ਮਾਤਰਾ ਵਿੱਚ ਨਾਈਟ੍ਰੋਜਨ ਖਾਦ (ਯੂਰੀਆਂ) ਦੀ ਪਹਿਲੀ ਕਿਸ਼ਤ ਫ਼ਸਲ ਨੂੰ ਪਾ ਦਿੱਤੀ ਗਈ ਹੈ। ਹਰੇ ਤੇਲੇ ਦੀ ਗਿਣਤੀ (0-0.17 ਪ੍ਰਤੀ ਤਿੰਨ ਪੱਤੇ), ਚਿੱਟੀ ਮੱਖੀ (.033-0.67 ਪ੍ਰਤੀ ਤਿੰਨ ਪੱਤੇ) ਅਤੇ ਭੂਰੀ ਜੂੰ (9.67-13.27 ਪ੍ਰਤੀ ਤਿੰਨ ਪੱਤੇ) ਪਾਈ ਗਈ ਜੋ ਕਿ ਆਰਥਿਕ ਕਗਾਰ ਤੋਂ ਥੱਲੇ ਹੈ। |
| ਬਾਂਸਵਾੜਾ | 0 | 0 | 0 | 0 | 0 | 0 | 0 | 0 | |
| | 0 | 0 | 0 | 0 | 0 | 0 | 0 | 0 | |
| | 0 | 0 | 0 | 0 | 0 | 0 | 0 | 0 | |
| | 0 | 0 | 0 | 0 | 0 | 0 | 0 | 0 | |
| | 0 | 0 | 0 | 0 | 0 | 0 | 0 | 0 | |
| | 0 | 0 | 0 | 0 | 0 | 0 | 0 | 0 | **ਸਲਾਹਃ** |

| | | | | | | | | | |
|---|---|---|---|---|---|---|---|---|---|
| | | | | | | | | | ਰਸ ਚੂਸਣ ਵਾਲੇ ਮੁੱਖ ਤਿੰਨ ਕੀੜਿਆਂ ਦੀ ਦਰ ਲੱਗਭੱਗ ਨਾ ਮਾਤਰ ਹੈ। ਕਿਸਾਨ ਵੀਰਾਂ ਨੂੰ ਲਗਾਤਾਰ ਖੇਤਾਂ ਦਾ ਸਰਵੇਖਣ ਕਰਨ, ਸਮੇਂ ਸਿਰ ਕਾਸ਼ਤਕਾਰੀ ਰੁਝੇਵਿਆਂ (ਗੋਡੀ, ਸਿੰਚਾਈ ਅਤੇ ਖਾਦਾਂ) ਨੂੰ ਪੂਰਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਚਿੱਟੀ ਮੱਖੀ ਦੀ ਸ਼ੁਰੂਆਤੀ ਆਮਦ ਨੂੰ ਦੇਖਣ ਲਈ ਪੀਲੇ ਕਾਰਡ ਲਾਉਣ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਜੇਕਰ ਵੱਧ ਤਾਪਮਾਨ ਅਤੇ ਘੱਟ ਨਮੀ ਰਹਿੰਦੀ ਹੈ ਤਾਂ ਨਰਮੇ ਕਪਾਹ ਤੇ ਭੂਰੀ ਜੂੰ ਦੇ ਆਉਣ ਦੀ ਸੰਭਾਵਨਾ ਵੱਧ ਸਕਦੀ ਹੈ। ਇਹਨਾਂ ਹਾਲਾਤਾਂ ਤੇ ਚੱਲਦਿਆਂ ਕਿਸਾਨਾਂ ਨੂੰ ਆਪਣੇ ਖੇਤਾਂ ਨੂੰ ਪਾਣੀ ਲਗਾਉਣ ਦੀ ਸਲਾਹ ਦਿੱਤੀ ਜਾਂਦੀ ਹੈ। |